ਸ਼੍ਰੇਣੀ – ਦਸਵੀਂ

ਵਿਸ਼ਾ - ਸੰਗੀਤ(ਗਾਇਨ)

ਸੈਸ਼ਨ - 2024-2025

ਸਮਾਂ ਲਿਖਤੀ – 3 ਘੰਟੇ

ਸਮਾਂ ਪ੍ਰਯੋਗੀ - 20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ – 45 ਅੰਕ

ਪ੍ਰਯੋਗੀ – 50 ਅੰਕ

ਆਂਤਰਿਕ ਮੁਲਾਂਕਣ – 05 ਅੰਕ

ਕੁੱਲ – 100 ਅੰਕ

ਪ੍ਰਸ਼ਨ ਪੱਤਰ ਦੀ ਰੂਪ ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ ਪੱਤਰ ਵਿੱਚ ਕੁੱਲ 29 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ 3 ਭਾਗ ਹੋਣਗੇ।

ਭਾਗ - ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ। (19X1=19)

ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ। (8X2=16)

ਭਾਗ – ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ। (2X5=10)

**ਭਾਗ ਵਾਈਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ**

| ਲੜੀ ਨੰ: | ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਈਜ਼ ਪ੍ਰਸ਼ਨਾਂ ਦੀ ਵੰਡ | | |
|---|---|---|---|---|---|---|
| | | | | ਭਾਗ - ੳ | ਭਾਗ – ਅ | ਕੁੱਲ ਅੰਕ |
| 1 | ਵਸਤੂਨਿਸ਼ਠ ਪ੍ਰਸ਼ਨ<br>ਖ਼ਾਲੀ ਥਾਵਾਂ<br>ਸਹੀ/ਗ਼ਲਤ | 1 ਅੰਕ | 19 | 11 | 8 | 19 |
| 2 | ਸੰਖੇਪਾਤਮਕ ਪ੍ਰਸ਼ਨ | 2 ਅੰਕ | 08 | 5 | 3 | 16 |
| 3 | ਨਿਬੰਧਾਤਮਕ ਪ੍ਰਸ਼ਨ | 5 ਅੰਕ | 02 | 1 | 1 | 10 |
| | | | 29 | 17 | 12 | 45 |

## ਮਾਡਲ ਟੈਸਟ ਪੇਪਰ

**ਸ਼੍ਰੇਣੀ - ਦਸਵੀਂ**

**ਵਿਸ਼ਾ - ਸੰਗੀਤ (ਗਾਇਨ)**

**ਸੈਸ਼ਨ -** 2024-2025

**ਸਮਾਂ - 3 ਘੰਟੇ** **ਕੁਲ ਅੰਕ - 45**

### ਭਾਗ – ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ,12 ਤੋਂ 17 ਖਾਲੀ ਥਾਵਾਂ,18 ਤੋਂ 23 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਸਪਤਕ ਦੀ ਪਰਿਭਾਸ਼ਾ ਦੀਓ।
2. ਥਾਟ ਕਿੰਨੇ ਮੰਨੇ ਗਏ ਹਨ?
3. ਸਥਾਈ ਤੋਂ ਕੀ ਭਾਵ ਹੈ?
4. ਅੰਤਰੇ ਦੇ ਕਿੰਨੇ ਭਾਗ ਹੁੰਦੇ ਹਨ?
5. ਪੂਰਵੀ ਥਾਟ ਵਿੱਚ ਕਿਹੜੇ ਸਵਰ ਕੋਮਲ ਲੱਗਦੇ ਹਨ?
6. ਖਿਆਲ ਸ਼ੈਲੀ ਦਾ ਵਿਕਾਸ ਕਿਸ ਸ਼ਤਾਬਦੀ ਤੋਂ ਆਰੰਭ ਹੋਇਆ?
7. ਰਾਗ ਭੁਪਾਲੀ ਵਿੱਚ ਕਿਹੜੇ ਸਵਰ ਵਰਜਿਤ ਹੁੰਦੇ ਹਨ?
8. ਭੈਰਵ ਵਿੱਚ ਕਿਹੜਾ ਰੇ ਪ੍ਰਯੋਗ ਹੁੰਦਾ ਹੈ?
9. ਰੂਪਕ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?
10. ਰਾਗ ਭੈਰਵ ਕਿਸ ਜਾਤੀ ਦਾ ਰਾਗ ਹੈ?
11. ਇੱਕਤਾਲ ਨੂੰ ਕਿਸ ਕਿਸ ਸਾਜ਼ ਉੱਤੇ ਵਜਾਇਆ ਜਾਂਦਾ ਹੈ? **(11X1=11)**

(ਖ) ਖਾਲੀ ਥਾਵਾਂ

12. ਗੀਤ ਦੇ ਪਹਿਲੇ ਭਾਗ ਨੂੰ ___________ ਕਹਿੰਦੇ ਹਨ।
13. ਥਾਟਾਂ ਦਾ ਸਿਧਾਂਤ ____________ ਜੀ ਨੇ ਦਿੱਤਾ।
14. ਤਾਨਪੁਰਾ ਇੱਕ ______ ਸਾਜ਼ ਹੈ।
15. ਢੋਲ __________ ਜਗ੍ਹਾ ਵਜਾਇਆ ਜਾਂਦਾ ਹੈ।
16. ਇੱਕਤਾਲ ਵਿੱਚ ________ ਵਿਭਾਗ ਹਨ।
17. ਚੋਤਾਲ ਵਿੱਚ ___________ ਮਾਤਰਾਵਾਂ ਹੁੰਦੀਆਂ ਹਨ। **(6x1=6)**

(ਗ) ਸਹੀ/ਗ਼ਲਤ

18. ਗਾਇਕ ਵਜਾਉਣ ਵਾਲੇ ਨੂੰ ਕਹਿੰਦੇਂ ਹਨ।
19. ਸਾਰੰਗੀ ਇੱਕ ਤੰਤੀ ਸਾਜ਼ ਹੈ।
20. ਤਾਨਪੁਰੇ ਨੂੰ ਤੰਬੂਰਾ ਨਹੀਂ ਕਿਹਾ ਜਾਂਦਾ ਹੈ।
21. ਰਾਗ ਭੈਰਵ ਦਾ ਵਾਦੀ ਸਵਰ "ਗ" ਹੈ।
22. ਇੱਕਤਾਲ ਸ਼ਾਸਤਰੀਯ ਤਾਲ ਹੈ।
23. ਰੂਪਕ ਤਾਲ ਨੂੰ ਪੰਚਮਸਵਾਰੀ ਤਾਲ ਵੀ ਕਿਹਾ ਜਾਂਦਾ ਹੈ। **(6x1=6)**

### ਭਾਗ - ਅ

24 ਤੋਂ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 2 ਅੰਕ ਦਾ ਹੋਵੇਗਾ।

24. ਮੱਧ ਸਪਤਕ ਨੂੰ ਸੰਖੇਪ ਵਿੱਚ ਲਿਖੋ।
25. ਨਗਾੜੇ ਬਾਰੇ ਸੰਖੇਪ ਵਿੱਚ ਲਿਖੋ।
26. ਭਜਨ ਬਾਰੇ ਸੰਖੇਪ ਵਿੱਚ ਲਿਖੋ।
27. ਛੋਟੇ ਖਿਆਲ ਬਾਰੇ ਸੰਖੇਪ ਵਿੱਚ ਲਿਖੋ।
28. ਤਾਨਪੁਰੇ ਦੇ ਕੋਈ ਦੋ ਅੰਗਾਂ ਬਾਰੇ ਲਿਖੋ।
29. ਰਾਗ ਭੈਰਵ ਦਾ ਪਰਿਚੈ ਲਿਖੋ।
30. ਰਾਗ ਭੁਪਾਲੀ ਦਾ ਪਰਿਚੈ ਲਿਖੋ ਅਤੇ ਪਕੜ ਲਿਖੋ।
31. ਰੂਪਕ ਤਾਲ ਨੂੰ ਇੱਕਗੁਣ ਦੀ ਲੈਅਕਾਰੀ ਵਿੱਚ ਲਿਖੋ। **(6x2=12)**

### ਭਾਗ – ੲ

32-35 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ।

32. ਸਪਤਕ ਬਾਰੇ ਲਿਖੋ ਅਤੇ ਇਸਦੇ ਪ੍ਰਕਾਰਾਂ ਨੂੰ ਵਿਸਥਾਰ ਸਹਿਤ ਲਿਖੋ।
33. ਤਾਨਸੇਨ ਜੀ ਦਾ ਜੀਵਨ ਪਰਿਚੈ ਲਿਖੋ।
34. ਰਾਗ ਖਮਾਜ ਵਿੱਚ ਵੱਡੇ ਖਿਆਲ ਦੀ ਸੁਰਲਿਪੀ ਲਿਖੋ।
35. ਰਾਗ ਭੈਰਵ ਵਿੱਚ ਵੱਡੇ ਖਿਆਲ ਦੀ ਸੁਰਲਿਪੀ ਲਿਖੋ ਅਤੇ ਕੋਈ ਤਿੰਨ ਤਾਨਾ ਲਿਖੋ। **(2x5=10)**